
# ਇੱਕ ਔਰਤ ਯੀਸ਼ੂ ਦੇ ਪੈਰ ਧੋਦੀ ਹੈ

ਬੱਚੇ ਅਰਾਧਨਾ ਕਰਨਾ ਸਿੱਖਣ

ਬੱਚਿਆਂ ਦੀ ਉਮਰ ਅਤੇ ਜ਼ਰੂਰਤ ਦੇ ਅਨੁਸਾਰ ਸਿੱਖਣ ਲਈ ਚੀਜ਼ਾਂ ਚੁਣੌ।



**ਜੇਕਰ ਹੋ ਸਕੇ ਤਾਂ ਬੱਚੇ ਨਕਲ ਕਰਕੇ ਇਸ ਤਸਵੀਰ ਵਿੱਚ ਰੰਗ ਭਰਨ।**

ਕੋਈ ਵੱਡਾ ਬੱਚਾ ਜਾ ਅਧਿਆਪਕ ਪੜ੍ਹੇ ਲੂਕਾ 7:36–50 ਜਾ ਯਾਦ ਕਰਕੇ, ਉਸ ਔਰਤ ਨੇ, ਜਿੰਨੇ ਯੀਸ਼ੂ ਦੇ ਪੈਰ ਆਪਣੇ ਹੰਝੂਆਂ ਦਾ ਧੋਤੇ ਕਹਾਣੀ ਸੁਣਾਏ। ਉਸ ਨੇ ਸਾਨੂੰ, ਦਿਖਾਇਆ ਕਿ ਸਾਨੂੰ ਵੀ ਯੀਸ਼ੂ ਨੂੰ ਸਭ ਤੋ ਚੰਗਾ ਦੇਣਾ ਹੈ ਅਤੇ ਦਿੱਲ ਨਾਲ ਉਹਦੀ ਅਰਾਧਨਾ ਕਰਨੀ ਹੈ।

ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ, ਉਨ੍ਹਾਂ ਦਾ ਉੱਤਰ ਹਰੇਕ ਪ੍ਰਸ਼ਨ ਦੇ ਬਾਦ ਵਿੱਚ ਦਿੱਤਾ ਗਿਆ ਹੈ।

- ਕਿਸ ਤਰਾ ਦੀ ਔਰਤ, ਯੀਸ਼ੂ ਨੂੰ ਮਿਲਣ ਆਈ? *(ਲੂੱਕਾ 7:37)*
- ਔਰਤ ਨੇ ਕਿਸ ਤਰ੍ਹਾਂ ਯੀਸ਼ੂ ਨੂੰ ਆਪਣਾ ਪਿਆਰ ਪਰਗਟ ਕੀਤਾ? *(ਲੂੱਕਾ 7:38)*
- ਫਰੀਸੀ ਕੀ ਚਾਹੁੰਦੇ ਸਨ, ਕਿ ਯੀਸ਼ੂ ਉਸ ਔਰਤ ਬਾਰੇ ਕਹੇ? *(ਵਿਰੋਧ ਕਰੇ ਅਤੇ ਦੂਰ ਕਰ ਦੇਵੇ, ਲੂੱਕਾ 7:39)*
- ਯੀਸ਼ੂ ਨੂੰ ਸਭ ਤੌਂ ਜਿਆਦਾ ਕਿਸਨੇ ਪਿਆਰ ਕੀਤਾ, ਫਰੀਸੀ ਜਾਂ ਔਰਤ? *(ਦੇਖੋ ਲੂੱਕਾ 7:40–43)*
- ਯੀਸ਼ੂ ਨੇ ਔਰਤ ਲਈ ਕੀ ਕੀਤਾ? *(ਲੂੱਕਾ 7:48)*

ਲੂੱਕਾ ਉਹਦਾ 7 ਬਾਪ ਵਿੱਚ ਅਰਾਧਨਾ ਨਾਲ ਭਰੀ ਹੋਈ ਔਰਤ ਦਾ ਨਾਟਕ ਤਿਆਰ ਕਰੋ। ਕਲੀਸੀਆਂ ਦੇ ਅਰਾਧਨਾ ਦੇ ਆਂਗੂਆਂ ਨਾਲ ਮਿਲਕੇ ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਲਈ ਪ੍ਰਬੰਧ ਕਰੋ। ਆਪਣੇ ਸਮੇ ਨੂੰ ਬੱਚਿਆਂ ਦੇ ਨਾਟਕ ਤਿਆਰ ਕਰਨ ਵਿੱਚ ਲਗਾਉ। ਉਨ੍ਹਾਂ ਨੂੰ ਹਰ ਹਿੱਸਾ ਕਰਨ ਦੀ ਲੋੜ ਨਹੀਂ ਹੈ। ਜੇਕਰ ਸਾਰੇ ਹਿੱਸੇ ਕਰਨ ਲਈ ਪੂਰੇ ਲੋਕ ਨਹੀ ਹਨ, ਤਾਂ ਵਾਚਕ ਆਮ ਰੂਪ ਵਿੱਚ, ਲੋਕਾਂ ਨੂੰ ਨਾਟਕ ਸਹੀ ਨਿਰਦੇਸ਼ ਦੇ ਸਕਦਾ ਹੈ ਅਤੇ ਕਹਿ ਸਕਦਾ ਹੈ ਕਿ ਉਸ ਜਣੇ ਨੇ ਕੀ ਕਹਿੰਣਾ ਹੈ।

- ਵੱਡੇ ਬੱਚੇ ਜਾ ਬਾਲਿਗ ਇਹ ਹਿੱਸੇ ਕਰਨ, ਯੀਸ਼ੂ ਅਤੇ ਵਾਚਕ।
- ਛੋਟੇ ਬੱਚੇ ਇੰਨ੍ਹਾਂ ਹਿੱਸਿਆਂ ਨੂੰ ਕਰਨ ਸਿਮੋਨ, ਫਰੀਸੀ ਅਤੇ ਔਰਤ ਜਿਹਦੇ ਕੋਲ ਇਤਰ ਦੀ ਸ਼ੀਸੀ ਹੈ (ਇਸ ਦਾ ਦਿਖਾਵਾ ਕਰੇ)

**ਵਾਚਕ:** ਲੂੱਕਾ 7:36–39 ਵਿੱਚ ਕਹਾਣੀ ਦਾ ਪਹਿਲਾ ਹਿੱਸਾ ਦੱਸੇ, ਫਿਰ ਆਖੇ, ''ਸੁਣੋ ਸਿਮੋਨ ਕੀ ਕਹਿੰਦਾ ਹੈ।''

**ਸਿਮੋਨ:** ਯੀਸ਼ੂ, ਮੈ ਬਹੁਤ ਖੁਸ਼ ਹਾਂ ਕਿ ਤੁਸੀਂ ਸਾਡੇ ਨਾਲ ਖਾਣਾ ਖਾਣ ਆਏ, ਆਉ, ਬੈਠ ਜਾਉ।

(ਯੀਸ਼ੂ, ਸਿਮੋਨ ਅਤੇ ਫਰੀਸੀ ਬੈਠਦੇ ਹਨ)

**ਫਰੀਸੀ,** ''ਦੇਖੋ ਯੀਸ਼ੂ ਕੋਈ ਖਾਸ ਮਹੱਤਵਪੂਰਨ ਨਹੀ ਹੈ।''

''ਸਿਮੋਨ ਨੇ ਉਹਦਾ ਸਤਿਕਾਰ ਚੁੰਮਾ ਲੈ ਕੇ ਨਹੀ ਕੀਤਾ।''

''ਅਤੇ ਨਾ ਹੀ ਯੀਸ਼ੂ ਦੇ ਪੈਰ ਉਹਨੇ ਧੋਤੇ ਨੇ।''

''ਉਸ ਉੱਤੇ ਉਹਨੇ ਇਤਰ ਵੀ ਨਹੀ ਪਾਇਆ।''

**ਔਰਤ:** ਯੀਸ਼ੂ ਕੋਲ ਜਾਵੇ, ਅਤੇ ਗੋਡੇ ਟੇਕੇ, ਰੋਂਦੀ ਹੋਈ, ਉਹਦੇ ਪੈਰਾ ਉੱਤੇ ਇਤਰ ਪਾ ਕੇ ਆਪਣੇ ਵਾਲਾ ਨਾਲ ਚੁੰਮਣ ਦਾ ਦਿਖਾਵਾ ਕਰੇ।

**ਫਰੀਸੀ:** ''ਇਸ ਅਦਭੁੱਵ ਇਤਰਦੀ ਖੁਸ਼ਬੂ ਸੁੰਘੋ।''

''ਉਹ ਦਾ ਇਤਰ ਬੜਾ ਕੀਮਤੀ ਇਤਰ ਹੈ।''

''ਕਿਵੇ ਬਰਬਾਦ ਕਰ ਦਿਤਾ।''

**ਸਿਮੋਨ:** ''ਯੀਸ਼ੂ, ਮੇਰੀ ਸੁਣੋ, ਉਹ ਔਰਤ ਇੱਕ ਬੁਰਾ ਜੀਵਨ ਜੀਅ ਰਹੀ ਹੈ। ਤੁਸੀ ਉਹਨੂੰ ਆਪਣੇ ਆਪ ਨੂੰ ਛੂਹਣ ਨਾ ਦਿਉ ਉਹਨੂੰ ਬਾਹਰ ਭੇਜ ਦਿਉ।''

**ਵਾਚਕ:** ਲੂੱਕਾ 7–40–47 ਵਿੱਚ ਕਹਾਣੀ ਦਾ ਦੂਜਾ ਹਿੱਸਾ ਦੱਸੇ ਕਹੇ,'' ਸੁਣੋ ਯੀਸ਼ੂ ਕੀ ਕਹਿੰਦਾ ਹੈ

**ਯੀਸ਼ੂ:** ''ਸਿਮੋਨ ਦੋ ਆਦਮੀ ਕਿਸੇ ਦੇ ਕਰਜਦਾਰ ਸਨ, ਇਕ ਦਾ ਥੋੜਾ ਕਰਜਾ ਸੀ, ਦੂਜਾ ਜਿਆਦਾ ਕਰਜਦਾਰ। ਦੋਂਵੇ ਮਹਾਜਨ ਦਾ ਕਰਜ ਨਹੀ ਚੁੱਕਾ ਸਕਦੇ ਸਨ, ਉਸਨੇ ਦੋਵਾਂ ਨੂੰ ਮਾਫ ਕਰ ਦਿੱਤਾ। ਉਸ ਨੇ ਉਨ੍ਹਾਂ ਦਾ ਸਾਰਾ ਕਰਜ ਮਾਫ ਕਰ ਦਿੱਤਾ। ਤੂੰ ਕੀ ਸੋਚਦਾ ਹੈ, ਉਨ੍ਹਾਂ ਦੋਹਾਂ ਵਿੱਚੋ ਕੌਣ ਉਹਦੇ ਨਾਲ ਜਿਆਦਾ ਪਿਆਰ ਕਰੂਗਾ।

**ਸਿਮੋਨ:** ''ਤੂੰ ਠੀਕ ਹੈਂ। ਮੈ ਤੇਰੇ ਘਰ ਆਇਆ, ਪਰ ਤੂੰ ਮੈਨੂੰ ਜਿਆਦਾ ਪਿਆਰ ਨਹੀ ਦਿਖਾਇਆ। ਪਰ ਫਿਰ ਵੀ, ਇਸ ਔਰਤ ਨੇ ਮੈਨੂੰ ਜਿਆਦਾ ਪਿਆਰ ਦਿਖਾਇਆ ਅਤੇ ਚੁੰਮਿਆ।

**ਵਾਚਕ:–** ਲੂੱਕਾ 7:48–50 ਵਿੱਚ ਕਹਾਣੀ ਦੇ ਤੀਸਰੇ ਹਿੱਸੇ ਬਾਰੇ ਦੱਸੋ। ਆਖੇ ''ਸੁੱਣੋ ਯੀਸ਼ੂ ਕੀ ਕਹਿੰਦਾ ਹੈ।''

**ਯੀਸ਼ੂ:** ਔਰਤ, ਮੈ ਤੇਰੇ ਪਾਪਾਂ ਨੂੰ ਮਾਫ ਕਰਦਾ ਹਾਂ।

**ਫਰੀਸੀ:** (ਗੁੱਸੇ ਨਾਲ) ''ਇਹ ਆਦਮੀ ਕਿਵੇ ਕਿਸੇ ਦੇ ਪਾਪਾਂ ਨੂੰ ਮਾਫ ਕਰ ਸਕਦਾ ਹੈ?''

**ਯੀਸ਼ੂ:** ''ਔਰਤ, ਤੇਰੇ ਵਿਸ਼ਵਾਸ ਨੇ ਤੈਨੂੰ ਬਚਾ ਲਿਆ। ਸ਼ਾਤੀ ਨਾਲ ਜਾ।''

**ਵਾਚਕ ਜਾਂ ਵੱਡਾ ਬੱਚਾ–** ਸਭਨਾ ਦਾ ਧੰਨਵਾਦ ਕਰੋ, ਜਿੰਨ੍ਹਾਂ ਨੇ ਇਸ ਨਾਟਕ ਵਿੱਚ ਮੱਦਦ ਕੀਤੀ।

ਜੇਕਰ ਬੱਚੇ ਬਾਲਿਗਾਂ ਲਈ ਇਹ ਨਾਟਕ ਪੇਸ਼ ਕਰਦੇ ਹਨ ਤਾਂ ਉਹ ਬਾਲਿਗਾਂ ਤੋਂ ਉੱਤੇ ਦਿੱਤੇ ਗਏ ਪ੍ਰਸ਼ਨਾ ਨੂੰ ਪੁੱਛਣ।



ਬੱਚੇ ਇਤਰ ਦੀ ਬੋਤਲ ਦੀ ਤਸਵੀਰ ਬਣਾਉਣ। ਵੱਡੇ ਛੋਟਿਆਂ ਬੱਚਿਆਂ ਦੀ ਮੱਦਦ ਕਰਣ। ਉਹ ਅਰਾਧਨਾ ਵੇਲੇ ਆਪਣੀ ਤਸਵੀਰ ਬਾਲਿਗਾਂ ਨੂੰ ਦਿਖਾਉਣ ਤੇ ਸਮਝਾਉਣ ਕਿ ਯੀਸ਼ੂ ਦੀ ਅਰਾਧਨਾ, ਸਭ ਤੋਂ ਉਤਮ ਹੈ, ਜਿਹੜਾ ਕੁਝ ਵੀ ਸਾਡੇ ਕੋਲ ਹੈ, ਉਹਦੇ ਨਾਲ ਕਿਵੇ ਕਰ ਸਕਦੇ ਹਾਂ। ਅਸੀਂ ਆਪਣੇ ਦਿੱਲਾ ਨਾਲ ਉਹਦੀ ਅਰਾਧਨਾ ਕਰੀਏ।

ਬੱਚਿਆਂ ਕੋਲੋ ਪੁੱਛੋ, ਕਿ ਅਸੀ ਕਿਸ ਤਰ੍ਹਾਂ ਯੀਸ਼ੂ ਵਾਸਤੇ ਆਪਣਾ ਪਿਆਰ ਪਰਗਟ ਕਰ ਸਕਦੇ ਹਾਂ (ਬਚਿਆਂ ਨੂੰ ਉਦਾਹਰਣ ਦੇ ਦਿਉ)

ਰੋਮੀਉ 12:1 ਯਾਦ ਕਰੋ।

**ਕਵਿਤਾ,** ''ਤਿੰਨ ਬੱਚੇ ਜਬੂੰਰਾਂ ਦੀ ਪੋਥੀ 150:1–6 ਵਿੱਚ ਦੋ–ਦੋ ਆਇਤਾ ਨੂੰ ਦੁਰਹਾਉਣ।

ਵੱਡੇ ਬੱਚੇ ਛੋਟੀ ਕਵਿਤਾ ਜਾਂ ਗੀਤ ਨਾਲ ਯੀਸ਼ੂ ਲਈ ਆਪਣੇ ਪਿਆਰ ਨੂੰ ਪਰਗਟ ਕਰਨ। ਇਹ ਹਫਤੇ ਦੇ ਵਿੱਚ ਵੀ ਕਰ ਸਕਦੇ ਹਨ।

ਪਰਮੇਸ਼ਵਰ ਦੀ ਉਸਤਤ (ਸੁਤਿਤ) ਲਈ ਗਾਉ।

**ਪ੍ਰਾਥਨਾ** ''ਪਿਆਰੇ ਪਰਮੇਸ਼ਵਰ, ਤੁਸੀਂ ਸਾਡੇ ਦਿੱਲਾਂ ਵਿੱਚ ਮਹਾਨ ਪਿਆਰ ਦਿੱਤਾ ਹੈ। ਅਸੀਂ ਆਪਣੇ ਪਿਆਰ ਨੂੰ ਤੁਹਾਡੇ ਵਾਸਤੇ ਕਈ ਤਰੀਕਿਆਂ ਰਾਹੀਂ ਦਿਖਾਉਣਾ ਚਾਹੁੰਦੇ ਹਾਂ। ਅਸੀ ਤੁਹਾਡੀ ਅਰਾਧਨਾ ਕਰਨਾ ਚਾਹਦੇ ਹਾਂ। ਅਸੀ ਤੁਹਾਡੀ ਸੇਵਾ ਕਰਨਾ ਚਾਹੁੰਛਦੇ ਹਾਂ। ਤੁਹਾਡਾ ਧੰਨਵਾਦ ਹੋਵੇ ਕਿ ਤੁਸੀ ਸਾਨੂੰ ਮਾਫ ਕੀਤਾ ਅਤੇ ਸਾਨੂੰ ਆਪਣੇ ਬੱਚੇ ਬਣਾਇਆ।''

Copyright 2004 © by Paul-Timothy. May be freely copied. Download from www.Paul-Timothy.net